# Video Conference of senior health professionals of SAARC countries on the fight against Covid-19

March 27, 2020

……………………………………………………………………………………………………

## ਕੋਵਡਿ -19 ਖਲਿਾਫ ਜੰਗ ਬਾਰੇ ਸਾਰਕ ਦੇਸ਼ਾਂ ਦੇ ਸੀਨੀਅਰ ਸਹਿਤ ਪੇਸ਼ੇਵਰਾਂ ਦੀ ਵੀਡੀਓ ਕਾਨਫਰੰਸ

**ਮਾਰਚ 27, 2020**

ਪ੍ਰਧਾਨ ਮੰਤਰੀ ਨੇ 15 ਮਾਰਚ, 2020 ਨੂੰ ਸਾਰਕ ਨੇਤਾਵਾਂ ਦੀ ਵੀਡੀਓ ਕਾਨਫ਼ਰੰਸ ਦੌਰਾਨ ਐਲਾਨਿਆ ਸੀ ਕਿ ਸਾਰੇ ਸਾਰਕ ਮੈਂਬਰ ਦੇਸ਼ਾਂ ਦੇ ਸਹਿਤ ਪੇਸ਼ੇਵਰ ਵਹਿਾਰਕ ਪੱਧਰ ਤੇ ਕੋਵਡਿ-19 ਖਕਿਾਫ਼ ਸਾਂਝੀ ਜੰਗ ਵੱਚਿ ਤਾਲਮੇਲ ਨੂੰ ਹੋਰ ਵਧਾਉਣ ਲਈ ਇੱਕ ਵੀਡੀਓ ਕਾਨਫਰੰਸ ਕਰ ਸਕਦੇ ਹਨ।

ਇਸ ਐਲਾਨ ਦੇ ਸਟਿ ਵਜੋ ਸਹਿਤ ਸੇਵਾਵਾਂ ਦੇ ਡਾਇਰੈਕਟਰ ਜਨਰਲ (DGHS) ਪੱਧਰ ’ਤੇ ਸਾਰੇ ਸਾਰਕ ਦੇਸ਼ਾਂ ਦੀ ਨੁਮਾਇੰਦਗੀ ਕਰਨ ਵਾਲੇ ਸਹਿਤ ਪੇਸ਼ੇਵਰਾਂ ਦੀ ਵੀਡੀਓ ਕਾਨਫ਼ਰੰਸ 26 ਮਾਰਚ, 2020 ਨੂੰ ਹੋਈ। ਭਾਰਤ ਦੇ DGHS ਦੀ ਪ੍ਰਧਾਨਗੀ ਵੱਚਿ ਹੋਈ ਇਸ ਕਾਨਫਰੰਸ ਵੱਚਿ ਕੋਵਡਿ -19 ਨਾਲ ਜੁੜੇ ਵੱਖ ਵੱਖ ਮੁੱਦਿਆਂ ਉੱਤੇ ਸਾਰੇ ਧਰਿਾਂ ਵੱਲੋ  ਸਰਗਰਮ ਅਤੇ ਉਦੇਸ਼ਪੂਰਨ ਭਾਗੀਦਾਰੀ ਨਾਲ ਵਸਿਥਾਰ ਸਹਤਿ ਗੱਲਬਾਤ ਕੀਤੀ ਗਈ।

ਭਾਰਤ ਦੇ ਪੱਖ ਤੋ ਰੋਗਾਂ ਦੀ ਨਗਿਰਾਨੀ, ਸੰਪਰਕਾਂ ਦੀ ਭਾਲ, ਸਫ਼ਰ 'ਤੇ ਪਾਬੰਦੀਆਂ ਅਤੇ ਨਕਿਾਸੀ, ਜੋਖਮ ਦੇ ਮੁਲਾਂਕਣ, ਡਾਯਗਨੋਸਟਕਿਸ, ਆਈਸੋਲੇਸ਼ਨ ਅਤੇ ਕੁਆਰਨਟੀਨ ਦੀਆਂ ਵਧਿੀਆਂ ਅਤੇ ਸਹੂਲਤਾਂ, ਮਰੀਜ਼ਾਂ ਦਾ ਕਲੀਨਕਿਲ ਪ੍ਰਬੰਧਨ, ਇਲਾਜ ਦੇ ਵਕਿਲਪਾਂ ਅਤੇ ਪ੍ਰੋਟੋਕੋਲ ਅਤੇ ਸਹਤਿ ਕਾਮਆਿਂ ਦੀ ਸੁਰੱਖਆਿ ਨੂੰ ਕਵਰ ਕਰਕੇ ਭਾਰਤ ਦੇ ਪ੍ਰਤੀਕਰਮ ਬਾਰੇ ਵਆਿਪਕ ਪੇਸ਼ਕਾਰੀ ਕੀਤੀ ਗਈ। ਇਸੇ ਤਰ੍ਹਾਂ ਹੋਰ ਸਾਰੇ ਸਾਰਕ ਦੇਸ਼ਾਂ ਨੇ ਆਪੋ ਆਪਣੇ ਦੇਸ਼ਾਂ ਵੱਚਿ ਕੋਵਡਿ-19 ਚੁਣੌਤੀ ਨਾਲ ਨਜੱਠਣ ਦੇ ਆਪਣੇ ਤਜ਼ੁਰਬੇ ਸਾਂਝੇ ਕੀਤੇ। ਸਾਰੇ ਦੇਸ਼ਾਂ ਨੇ ਆਪਣੀਆਂ ਖਾਸ ਕਮਜ਼ੋਰੀਆਂ, ਸਮਰੱਥਾਵਾਂ, ਸਰਬੋਤਮ ਪ੍ਰਥਾਵਾਂ, ਸੀਮਾਵਾਂ ਅਤੇ ਲੌਜਸਿਟਕਿਸ ਵਚਿਲੇ ਪਾੜੇ, ਨਜਿੀ ਖੇਤਰ ਦੀ ਭਾਗੀਦਾਰੀ ਅਤੇ ਤਆਿਰੀ ਦੇ ਪੱਧਰਾਂ 'ਤੇ ਵੀ ਚਾਨਣਾ ਪਾਇਆ। ਸਾਰਕ ਖੇਤਰ ਵਚਿ ਸਰਕਾਰਾਂ ਦੁਆਰਾ ਵੱਡੇ ਪੱਧਰ 'ਤੇ ਕੀਤੇ ਗਏ ਐਮਰਜੈਂਸੀ ਉਪਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਕਸਿ ਵੀ ਕੋਵਡਿ-19 ਰਣਨੀਤੀ ਵੱਚਿ ਸਮੁਦਾ ਦੀ ਸ਼ਮੂਲੀਅਤ ਅਤੇ ਭਾਗੀਦਾਰੀ ਦੀ ਮਹੱਤਵਪੂਰਣ ਤੱਤ ਵਜੋ ਸ਼ਨਿਾਖਤ ਕੀਤੀ ਗਈ।

ਭਾਰਤ ਨੇ ਸਾਰਕ ਦੇਸ਼ਾਂ ਲਈ ਸਾਂਝੇ ਤੌਰ ਤੇ ਕੋਰੋਨਵਾਇਰਸ ਮਹਾਂਮਾਰੀ ਦਾ ਮੁਕਾਬਲਾ ਕਰਨ ਲਈ ਜਾਣਕਾਰੀ, ਗਆਿਨ, ਮਹਾਰਤ ਅਤੇ ਸਰਬੋਤਮ ਪ੍ਰਥਾਵਾਂ ਸਾਂਝੀਆਂ ਕਰਨ ਅਤੇ ਉਨ੍ਹਾਂ ਦੇ ਵਟਾਂਦਰੇ ਲਈ ਸਾਂਝਾ ਇਲੈਕਟ੍ਰਾਨਕਿ ਪਲੇਟਫਾਰਮ ਬਣਾਉਣ ਦੀ ਤਜਵੀਜ਼ ਦੱਤਿੀ। ਇਹ ਦੱਸਆਿ ਗਆਿ ਕਿ ਪਲੇਟਫਾਰਮ ਨੂੰ ਬਣਾਉਣ ਦੀ ਦਸ਼ਿਾ ਵੱਚਿ ਪਹਲਿਾਂ ਹੀ ਕਾਫ਼ੀ ਕੰਮ ਹੋ ਚੁੱਕਾ ਹੈ, ਜੋ ਐਮਰਜੈਂਸੀ ਪ੍ਰਤੀਕ੍ਰਆਿ ਵਾਲੇ ਕਰਮਚਾਰੀਆਂ ਦੀ ਆੱਨਲਾਈਨ ਸਖਿਲਾਈ, ਗਆਿਨ ਦੀ ਭਾਈਵਾਲੀ, ਬਮਿਾਰੀ ਦੀ ਨਗਿਰਾਨੀ ਵੱਚਿ ਮਹਾਰਤ ਸਾਂਝੇ ਕਰਨ ਵਰਗੇ ਕੰਮਾਂ ਬਾਰੇ ਹੋਰ ਵਚਿਾਰ ਵਟਾਂਦਰੇ ਲਈ ਬਹੁ-ਮੰਤਵੀ ਮੰਚ ਦੇ ਤੌਰ 'ਤੇ ਕੰਮ ਕਰ ਸਕਦਾ ਹੈ, ਜਸਿ ਵੱਚਿ ਸੰਬੰਧਤਿ ਸਾੱਫਟਵੇਅਰ ਅਤੇ ਮਹਾਂਮਾਰੀਆਂ ਲਈ ਨਵੇਂ ਨਦਿਾਨ ਅਤੇ ਇਲਾਜ ਸੰਬੰਧੀ ਸੰਯੁਕਤ ਸੋਧ ਸ਼ਾਮਲ ਹੈ। ਭਾਰਤੀ ਪੱਖ ਨੇ ਸੁਝਾਅ ਰੱਖਆਿ ਕਿ ਜਦੋ ਤੱਕ ਇਲੈਕਟ੍ਰਾਨਕਿ ਪਲੇਟਫਾਰਮ ਪੂਰੀ ਤਰ੍ਹਾਂ ਚਾਲੂ ਨਹੀ ਹੋ ਜਾਂਦਾ ਹੈ, ਸਾਰਕ ਦੇਸ਼ਾਂ ਦੀ ਸਹਿਤ ਸੇਵਾਵਾਂ

ਦੀ ਨੁਮਾਇੰਦਗੀ ਕਰਨ ਵਾਲੇ ਮਾਹਰਾਂ ਦਾ ਈਮੇਲ /  ਵਟਸਐਪ 'ਤੇ ਇੱਕ ਨੈੱਟਵਰਕ ਬਣਾਇਆ ਜਾ ਸਕਦਾ ਹੈ, ਤਾਂ ਜੋ ਸਾਰਕ ਦੇਸ਼ਾਂ ਦਰਮਿਆਨ ਅਸਲ ਸਮੇਂ ਦੇ ਅਧਾਰ ਤੇ ਸਾਰੀਆਂ ਪ੍ਰਸੰਗਕ ਜਾਣਕਾਰੀਆਂ ਦਾ ਵਟਾਂਦਰਾ ਹੋ ਸਕੇ।

ਸਾਰਕ ਦੇ ਸਾਰੇ ਮੈਂਬਰ ਦੇਸ਼ਾਂ ਦੀ ਉਤਸ਼ਾਹਪੂਰਨ ਅਤੇ ਉਸਾਰੂ ਭਾਗੀਦਾਰੀ ਇਸ ਖੇਤਰ ਵਿਚ ਕੋਰੋਨਾਵਾਇਰਸ ਮਹਾਂਮਾਰੀ ਦੁਆਰਾ ਪੈਦਾ ਕੀਤੀ ਗਈ ਚੁਣੌਤੀ ਉੱਪਰ ਜਿੱਤ ਪ੍ਰਾਪਤ ਕਰਨ ਲਈ ਮਿਲਜੁਲ ਕੇ ਕੰਮ ਕਰਨ ਪ੍ਰਤੀ ਉਨ੍ਹਾਂ ਦੀ ਸਾਂਝੀ ਵਚਨਬੱਧਤਾ ਦਾ ਸਬੂਤ ਸੀ।

ਨਵੀਂ ਦਿੱਲੀ
27 ਮਾਰਚ, 2020

DISCLAIMER : This is an approximate translation. The original is available in English on MEA’s website and may be referred to as the official press release.